# NAVTEJ BHARTI KI KAAV SANVEDNA

# ਨਵਤੇਜ ਭਾਰਤੀ ਦੀ ਕਾਵਿ-ਸੰਵੇਦਨਾ

ਡਾ. ਵੰਦਨਾ (Dr. Vandna)

ਅਸਿਸਟੈਂਟ ਪ੍ਰੋਫੈਸਰ, ਪੋਸਟ ਗਰੈਜੂਏਟ ਪੰਜਾਬੀ ਵਿਭਾਗ

ਖ਼ਾਲਸਾ ਕਾਲਜ ਫ਼ਾਰ ਵਿਮੈਨ, ਸਿਵਲ ਲਾਈਨਜ਼, ਲੁਧਿਆਣਾ (ਪੰਜਾਬ)

Email ID: vandnashahi1990@gmail.com ਮੋਬਾਈਲ: +91-81969-07422

**ਸਾਰ (Abstract)**

*ਅਨੁਭਵ ਤੋਂ ਬਿਨਾਂ ਕਾਵਿ ਦੀ ਸਿਰਜਣਾ ਸੰਭਵ ਨਹੀਂ। ਕਵੀ ਦੇ ਮਨ ਵਿਚ ਆਪ ਮੁਹਾਰੇ ਹੀ ਅਨੁਭਵਾਂ ਦੀ ਅਭਿਵਿਅਕਤੀ ਉਸ ਦੇ ਸੰਵੇਦਨਸ਼ੀਲ ਵਿਅਕਤੀਤਵ ਦੀ ਪਹਿਚਾਣ ਨੂੰ ਉਜਾਗਰ ਕਰਦੀ ਹੈ। ਕਵੀ ਸੰਵੇਦਨਸ਼ੀਲ ਹੋਣ ਕਰਕੇ ਆਪਣੇ ਜੀਵਨ ਅਨੁਭਵ ਨੂੰ ਕਾਵਿ ਮਾਧਿਆਮ ਰਾਹੀਂ ਪ੍ਰਗਟਾਉਂਦਾ ਹੈ। ਪਰਵਾਸੀ ਪੰਜਾਬੀ ਕਵਿਤਾ ਦੇ ਖੇਤਰ ਵਿਚ ਨਵਤੇਜ ਭਾਰਤੀ ਇਕ ਵਿਲੱਖਣ ਪ੍ਰਤਿਭਾ ਵਾਲਾ ਸ਼ਾਇਰ ਹੈ। ਉਸ ਦੀ ਕਾਵਿ-ਸੰਵੇਦਨਾ 'ਨਿੱਜ' ਅਤੇ 'ਪਰ' ਦੀਆਂ ਦੂਰੀਆਂ ਨੂੰ ਪਾਰ ਕਰਕੇ ਆਪਣੇ ਅਨੁਭਵ ਨੂੰ ਵਿਸ਼ਵਵਿਆਪੀ ਪੱਧਰ ਉੱਤੇ ਸਾਂਝੇ ਰੂਪ ਵਿਚ ਅਭਿਵਿਅਕਤ ਕਰਦੀ ਹੈ। ਬਹੁ-ਪਾਸਾਰੀ ਥੀਮਕ ਸਰੋਕਾਰਾਂ ਨਾਲ ਨਾਤਾ ਜੋੜਦੀ ਹੋਈ ਮਾਨਵੀ ਹੋਂਦ ਦੇ ਵਿਭਿੰਨ ਮਸਲਿਆਂ ਨੂੰ ਤਲਾਸ਼ਦੀ ਹੋਈ ਨਿੱਕੇ-ਨਿੱਕੇ ਕਣ ਤੋਂ ਲੈ ਕੇ ਬ੍ਰਹਿਮੰਡ ਦੀ ਹਰ ਸੁਰ ਨਾਲ ਸੰਵਾਦ ਰਚਾਉਂਦੀ ਹੋਈ ਕੇਵਲ ਸਮੁੱਚੀ ਲੋਕਾਈ ਦੇ ਦਰਦ ਨੂੰ ਹੀ ਪੇਸ਼ ਨਹੀਂ ਕਰਦੀ ਸਗੋਂ ਉਨ੍ਹਾਂ ਨੂੰ ਨਜਿੱਠਣ ਲਈ ਵੀ ਪ੍ਰੇਰਿਤ ਕਰਦੀ ਹੈ। ਹੱਥਲੇ ਖੋਜ ਪੱਤਰ ਵਿਚ ਉਸ ਦੀ ਕਾਵਿ ਸੰਵੇਦਨਾ ਦੇ ਅਧਿਐਨ ਲਈ ਉਸ ਦੇ ਕਾਵਿ ਸੰਗ੍ਰਹਿ 'ਲੀਲਾ' ਨੂੰ ਆਧਾਰ ਬਣਾ ਕੇ ਸੰਵੇਦਨਸ਼ੀਲਤਾ ਦੇ ਅਹਿਸਾਸ ਦੇ ਨਾਲ-ਨਾਲ ਵਿਸ਼ਵਵਿਆਪੀ ਸਰੋਕਾਰਾਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਹੈ।*

***ਕੀਵਰਡ(Keyword): ਨਵਤੇਜ ਭਾਰਤੀ, ਕਾਵਿ ਸੰਗ੍ਰਹਿ ਲੀਲਾ, ਕੁਦਰਤ, ਪਰਵਾਸ, ਵਿਰਾਸਤ, ਮਾਨਵੀ ਹੋਂਦ, ਸੰਵੇਦਨਸ਼ੀਲਤਾ, ਦਾਰਸ਼ਨਿਕਤਾ।***

ਕਾਵਿ-ਸੰਵੇਦਨਾ ਮੂਲ ਰੂਪ ਵਿਚ ਕਵਿਤਾ ਦਾ ਪ੍ਰਮੁੱਖ ਆਧਾਰ ਮੰਨੀ ਜਾਂਦੀ ਹੈ। ਕਲਾਕਾਰ ਦੀ ਕਲਾ-ਯੋਗਤਾ ਦਾ ਦੂਜਾ ਨਾਮ ਕਾਵਿ-ਸੰਵੇਦਨਾ ਹੈ। ਕਿਸੇ ਕਵੀ ਦੀ ਕਾਵਿ-ਸੰਵੇਦਨਾ ਨੂੰ ਸਮਝਣ ਤੋਂ ਭਾਵ ਉਸ ਦੇ ਅਨੁਭਵ, ਮਾਨਸਿਕਤਾ, ਵਿਚਾਰਧਾਰਾ, ਚੇਤਨਾ ਪੱਧਰ ਅਤੇ ਉਸ ਦੀ ਕਲਾ ਯੋਗਤਾ ਨੂੰ ਸਮਝਣ ਦੀ ਅਥਾਹ ਸ਼ਕਤੀ/ਸਮਰੱਥਾ ਹੈ ਕਿਉਂਕਿ ਇਨ੍ਹਾਂ ਸਭ ਵਰਤਾਰਿਆਂ ਦਾ ਸੰਬੰਧ ਸਿੱਧੇ ਅਤੇ ਅਸਿੱਧੇ ਰੂਪ ਵਿਚ ਸੰਵੇਦਨਾ ਨਾਲ ਜਾ ਜੁੜਦਾ ਹੈ। ਕਿਸੇ ਕਵੀ ਦੀ ਕਾਵਿ-ਸੰਵੇਦਨਾ ਨੂੰ ਸਮਝਣਾ ਅਤੇ ਨਿਸ਼ਚਿਤ ਕਰਨਾ ਇਕ ਅਤਿ ਜਟਿਲ ਪ੍ਰਕਿਰਿਆ ਹੈ। ਜਿਸ ਵਿਚ ਕਵੀ ਦੇ ਸਮਾਜਿਕ, ਆਰਥਿਕ, ਧਾਰਮਿਕ, ਰਾਜਸੀ ਅਤੇ ਸਾਂਸਕ੍ਰਿਤਿਕ ਪੱਧਰ ਅਤੇ ਇਨ੍ਹਾਂ ਵਰਤਾਰਿਆਂ ਪ੍ਰਤੀ ਅਨੁਭੂਤੀ ਦਾ ਪ੍ਰਤੱਖੀਕਰਨ ਸ਼ਾਮਲ ਹੁੰਦਾ ਹੈ। ਅਜਿਹਾ ਕਰਨ ਲਈ ਆਲੋਚਕ ਦਾ ਬੌਧਿਕ ਪੱਧਰ ਵੀ ਵਿਸ਼ਾਲ ਸੂਝ-ਬੂਝ ਜਾਂ ਉੱਚ ਚੇਤਨਾਵੀਂ ਪੱਧਰ ਦੀ ਮੰਗ ਕਰਦਾ ਹੈ, ਕਿਉਂਕਿ ਜੇ ਆਲੋਚਕ ਖ਼ੁਦ ਹੀ ਇਨ੍ਹਾਂ ਵਰਤਾਰਿਆਂ ਦੀ ਚੇਤਨਾ ਜਾਂ ਅਨੁਭਵ ਤੋਂ ਅਣਭਿੱਜ ਹੈ ਤਾਂ ਉਹ ਕਵੀ ਦੀ ਰਚਨਾ ਪ੍ਰਕਿਰਿਆ ਅਤੇ ਸੰਵੇਦਨਾ ਨੂੰ ਸਮਝਣ ਅਤੇ ਅਧਿਐਨ ਕਰਨ ਵਿਚ ਅਸਮਰੱਥ ਰਹੇਗਾ। ਇਸ ਲਈ ਇਸ ਅਧਿਆਇ ਵਿਚ ਨਵਤੇਜ ਭਾਰਤੀ ਕਾਵਿ ਦਾ ਵਿਸ਼ਲੇਸ਼ਣ, ਉਸ ਦੀ ਕਾਵਿ-ਸੰਵੇਦਨਾ ਅਤੇ ਰਚਨਾ ਪ੍ਰਕਿਰਿਆ ਦੇ ਮਰਮ ਨੂੰ ਯੋਗ ਬੌਧਿਕ ਸਮਰੱਥਾ ਮੁਤਾਬਿਕ ਸਮਝਣ ਦਾ ਯਤਨ ਕੀਤਾ ਗਿਆ ਹੈ।

ਨਵਤੇਜ ਭਾਰਤੀ ਪਿਛਲੇ ਛੇ ਦਹਾਕਿਆਂ ਤੋਂ ਕਾਵਿ-ਸਿਰਜਣ ਵਿਚ ਮਸ਼ਰੂਫ ਹੈ ਅਤੇ ਆਪਣੀ ਕਾਵਿ-ਯੋਗਤਾ ਅਤੇ ਬਹੁ-ਪ੍ਰਤਿਭਾ ਨਾਲ ਪੰਜਾਬੀ ਕਾਵਿ-ਖੇਤਰ ਵਿਚ ਆਪਣੀ ਵਿਸ਼ੇਸ਼ ਪਹਿਚਾਣ ਕਾਇਮ ਕਰ ਚੁੱਕਿਆ ਹੈ। ਕਿਸੇ ਕਵੀ ਦੀ ਵਿਲੱਖਣਤਾ ਦਾ ਸਿਹਰਾ ਉਸ ਦੀ ਸੰਵੇਦਨਾ ਜਾਂ ਅਨੁਭਵ ਦੀ ਵਿਲੱਖਣਤਾ ਨੂੰ ਜਾਂਦਾ ਹੈ। ਨਵਤੇਜ ਭਾਰਤੀ ਪੰਜਾਬੀ ਦੇ ਉਨ੍ਹਾਂ ਕੁਝ-ਕੁ ਚੋਣਵੇਂ ਕਵੀਆਂ ਵਿੱਚੋਂ ਇਕ ਹੈ, ਜਿਸ ਨੇ ਕਾਵਿ-ਸਿਰਜਣਾ ਨੂੰ ਬੌਧਿਕ ਅਤੇ ਚਿੰਤਨ ਦ੍ਰਿਸ਼ਟੀ ਤੋਂ ਗ੍ਰਹਿਣ ਕੀਤਾ ਹੈ। ਨਵਤੇਜ ਭਾਰਤੀ ਦੀ ਕਾਵਿ-ਸੰਵੇਦਨਾ 'ਨਿੱਜ' ਅਤੇ 'ਪਰ' ਦੀਆਂ ਦੂਰੀਆਂ ਨੂੰ ਪਾਰ ਕਰਕੇ ਆਪਣੇ ਅਨੁਭਵ ਨੂੰ ਵਿਸ਼ਵਵਿਆਪੀ/ ਅੰਤਰਰਾਸ਼ਟਰੀ ਪੱਧਰ ਉੱਤੇ ਸਾਂਝੇ ਰੂਪ ਵਿਚ ਅਭਿਵਿਅਕਤ ਕਰਦੀ ਹੈ। ਤਾਂ ਹੀ ਪਾਠਕ/ਸਰੋਤਾ ਸਹਿਜ ਸੁਭਾਅ ਵਿਚ ਉਸ ਦੀ ਸੰਵੇਦਨਾ ਨਾਲ ਪ੍ਰਤੀਬੱਧ ਹੋਇਆ ਹੁੰਗਾਰਾ ਭਰਦਾ ਹੈ। ਨਵਤੇਜ ਭਾਰਤੀ ਦੀ ਕਵਿਤਾ ਪਾਰਗਾਮੀ ਅਰਥਾਂ ਨਾਲ ਓਤ-ਪੋਤ ਹੁੰਦੀ ਹੋਈ ਸਮੂਹਿਕ ਮਾਨਵੀ ਅਨੁਭਵਾਂ, ਪੀੜਾਂ ਅਤੇ ਭਾਵਾਂ ਦੀ ਤਰਜ਼ਮਾਨੀ ਕਰਦੀ ਹੈ। ਕਵੀ ਵਰਤਮਾਨ ਸਾਧਾਰਨ ਲੋਕਾਈ ਦੇ ਫਿਕਰਾਂ, ਸਰੋਕਾਰਾਂ, ਚਿੰਤਾਵਾਂ ਅਤੇ ਪਰੇਸ਼ਾਨੀਆਂ ਦੀ ਨਿਸ਼ਾਨਦੇਹੀ ਹੀ ਨਹੀਂ ਕਰਦਾ ਸਗੋਂ ਮੌਲਿਕ ਅੰਦਾਜ਼ ਵਿਚ ਪਰਿਸਥਿਤੀਆਂ

ਦਾ ਵਿਸ਼ਲੇਸ਼ਣ ਕਰਦਾ ਹੋਇਆ ਵਿਭਿੰਨ ਪੈਂਤੜਿਆਂ ਤੋਂ ਸੰਵੇਦਨਾ ਵੱਲ ਸੰਕੇਤ ਕਰਵਾਉਂਦਾ ਹੈ। ਨਵਤੇਜ ਭਾਰਤੀ ਦੀ ਕਵਿਤਾ ਵਿਭਿੰਨ ਥੀਮਕ ਪਾਸਾਰਾਂ ਨੂੰ ਮੁਖ਼ਾਤਿਬ ਹੁੰਦੀ ਹੋਈ ਮਾਨਵੀ ਹੋਂਦ ਦੇ ਵਿਭਿੰਨ ਮਸਲਿਆਂ ਨਾਲ ਸੰਵਾਦ ਰਚਾਉਂਦੀ ਹੈ। ਇਸ ਸੰਦਰਭ ਵਿਚ ਨਵਤੇਜ ਭਾਰਤੀ ਦੀ ਕਵਿਤਾ ਬਾਰੇ ਗੱਲ ਕਰਦਿਆਂ ਡਾ. ਯੋਗਰਾਜ ਆਪਣੇ ਵਿਚਾਰ ਪੇਸ਼ ਕਰਦੇ ਹਨ:

*"ਨਵਤੇਜ ਭਾਰਤੀ ਦੀ ਕਵਿਤਾ ਪਰੰਪਰਕ ਪਰਵਾਸੀ ਕਵਿਤਾ ਦੇ ਪ੍ਰਵਚਨਾਂ-ਵਤਨ ਵਿਤਰੇਕਤਾ, ਭੂ-ਹੇਰਵਾ, ਸਭਿਆਚਾਰਕ ਬੇਗਾਨਗੀ, ਨਸਲੀ ਵਿਤਕਰਾ, ਆਰਥਿਕ ਲੁੱਟ, ਹੱਦਾਂ/ਸਰਹੱਦਾਂ ਦੇ ਝਮੇਲਿਆਂ ਤੋਂ ਪਾਰ ਜਾ ਕੇ ਉਨ੍ਹਾਂ ਵਿਰਾਟ ਮਾਨਵੀ ਸਰੋਕਾਰਾਂ ਨੂੰ ਮੁਖ਼ਾਤਿਬ ਹੁੰਦੀ ਹੈ ਜਿਹੜੇ ਕੁੱਲ ਲੋਕਾਈ ਦੇ ਸਰਬ-ਸਾਂਝੇ, ਮੂਲ ਅਤੇ ਬੁਨਿਆਦੀ ਹਨ। ਵਡੇਰੇ ਦਾਰਸ਼ਨਿਕ ਪ੍ਰਸੰਗਾਂ ਨੂੰ ਖੋਲ੍ਹਦੀ ਇਹ ਕਵਿਤਾ ਵਿਸ਼ਵ ਚਿੰਤਨ ਵਿਚ ਮਨੁੱਖ ਅਤੇ ਮਨੁੱਖੀ ਇਤਿਹਾਸ ਦੀ ਹਕੀਕਤ ਨੂੰ ਹਾਸ਼ੀਆਗ੍ਰਸਤ ਕਰਨ ਵਾਲੇ ਵਿਭਿੰਨ ਵਿਚਾਰਧਾਰਕ ਪ੍ਰਵਚਨਾਂ ਦੇ ਸਮਾਨਾਂਤਰ ਮਨੁੱਖ ਅਤੇ ਮਨੁੱਖੀ ਇਤਿਹਾਸ ਦੇ ਹਕੀਕੀ/ਜੀਵੰਤ ਮਸਲਿਆਂ ਵਿਚ ਚੇਤਨਾ ਜਗਾਉਂਦੀ ਹੈ।"*[1]

ਨਵਤੇਜ ਭਾਰਤੀ ਸਹਿਜ ਅਤੇ ਸੂਖ਼ਮ ਦ੍ਰਿਸ਼ਟੀ ਦੇ ਮਾਧਿਅਮ ਰਾਹੀਂ ਜ਼ਿੰਦਗੀ ਨੂੰ ਵੇਖਣ, ਸਮਝਣ ਅਤੇ ਪੜਚੋਲਣ ਲਈ ਮੌਲਿਕ ਦ੍ਰਿਸ਼ਟੀਕੋਣ ਵਾਲਾ ਚਿੰਤਨ ਸਿਰਜਦਾ ਹੈ। ਉਹ ਉਨ੍ਹਾਂ ਸੌੜੇ ਅਤੇ ਕੋਝੇ ਸਿਆਸੀ ਸੁਆਰਥਾਂ ਪ੍ਰਤੀ ਪ੍ਰਤੀਰੋਧ ਦਾ ਪ੍ਰਵਚਨ ਸਿਰਜਦਾ ਹੈ ਜਿਹੜੇ ਮਾਨਵੀ ਕਦਰਾਂ-ਕੀਮਤਾਂ ਅਤੇ ਮਾਨਵੀ ਸੰਵੇਦਨਾ ਦਾ ਘਾਣ ਕਰਦੇ ਹਨ। ਇਸ ਲਈ ਉਹ ਮਾਨਵੀ ਜੀਵਨ ਦੇ ਵਿਭਿੰਨ ਮਸਲਿਆਂ ਅਤੇ ਸੁਚੱਜੀਆਂ ਕਦਰਾਂ-ਕੀਮਤਾਂ ਦੀ ਨਿਸ਼ਾਨਦੇਹੀ ਕਰਦਾ ਹੈ। ਨਵਤੇਜ ਭਾਰਤੀ ਆਪਣੀ ਵਿਰਾਸਤ, ਅਤੀਤ, ਵਰਤਮਾਨ, ਸਮਕਾਲ ਅਤੇ ਭਵਿੱਖ ਨੂੰ ਧਿਆਨ ਵਿਚ ਰੱਖਦੇ ਹੋਏ ਸੂਖ਼ਮ ਦ੍ਰਿਸ਼ਟੀ ਰਾਹੀਂ ਮਾਨਵ ਲਈ ਸੰਪੂਰਨ ਅਤੇ ਅਗਾਂਹਵਧੂ ਜੀਵਨ ਮਾਰਗ ਲਈ ਉਸਾਰੂ ਸੇਧ ਤਿਆਰ ਕਰਦਾ ਹੈ। ਨਵਤੇਜ ਭਾਰਤੀ ਕਾਵਿ ਨੂੰ ਵਿਭਿੰਨ ਪਹਿਲੂਆਂ ਤਹਿਤ ਜਾਣ ਕੇ ਉਸ ਦੀ ਕਾਵਿ-ਸੰਵੇਦਨਾ ਦੀ ਥਾਹ ਪਾ ਸਕਦੇ ਹਾਂ ਜਿਹੜੀ ਬਦਲਦੀਆਂ ਸਮਾਜਿਕ, ਆਰਥਿਕ, ਰਾਜਸੀ, ਧਾਰਮਿਕ ਅਤੇ ਸਭਿਆਚਾਰਕ ਪਰਿਸਥਿਤੀਆਂ ਨਾਲ ਬਦਲਦੀ, ਸੰਵਾਦ ਰਚਾਉਂਦੀ ਅਤੇ ਵਿਕਾਸ ਕਰਦੀ ਸਮਕਾਲ ਤੱਕ ਅਪੜਦੀ ਹੈ।

ਪਰਵਾਸੀ ਪੰਜਾਬੀ ਕਵਿਤਾ ਵਿਚ ਨਵਤੇਜ ਭਾਰਤੀ ਆਪਣੀ ਕਵਿਤਾ ਨਾਲ ਇਕ ਵਿਲੱਖਣ ਸਥਾਨ ਬਣਾਉਂਦਾ ਹੈ। ਇਕ ਸੰਵੇਦਨਸ਼ੀਲ ਕਵੀ ਹੋਣ ਦੇ ਨਾਲ-ਨਾਲ ਉਹ ਪਰਦੇਸ ਵਿਚ ਰਹਿੰਦਿਆਂ ਹੋਇਆਂ ਵੀ ਹੋਰਨਾਂ ਲੋਕਾਂ ਵਾਂਗ ਆਪਣੇ ਦੇਸ਼, ਪਿੰਡ, ਆਪਣੀ ਭੂਮੀ ਅਤੇ ਜੜ੍ਹਾਂ ਨਾਲੋਂ ਟੁੱਟ ਨਹੀਂ ਸਕਿਆ, ਜਿਸ ਦਾ ਪ੍ਰਮਾਣ ਉਸ ਦੀਆਂ ਰਚਨਾਵਾਂ ਵਿੱਚੋਂ ਝਲਕਦਾ ਹੈ। ਆਪਣੇ ਕਾਵਿ ਸਿਰਜਣ ਪ੍ਰਕਿਰਿਆ ਦੇ ਸਫ਼ਰ ਦੌਰਾਨ ਉਸ ਨੇ ਸਿੰਬਲ ਦੇ ਫੁੱਲ, ਲੀਲ੍ਹਾ, ਲਾਲੀ, ਜੋ ਤੁਰਦੇ ਹਨ, ਓਥੋਂ ਤੀਕ ਆਦਿ ਕਾਵਿ ਪੁਸਤਕਾਂ ਪੰਜਾਬੀ ਕਾਵਿ ਜਗਤ ਦੀ ਝੋਲੀ ਵਿਚ ਪਾਈਆਂ ਹਨ।

ਕਵੀ ਦਾ ਹਿਰਦਾ ਕੋਮਲ ਅਤੇ ਸੰਵੇਦਨਸ਼ੀਲ ਹੋਣ ਕਰਕੇ ਉਹ ਕਵਿਤਾ ਦੀ ਰਚਨਾ ਕਰ ਸਕਦਾ ਹੈ। ਨਵਤੇਜ ਭਾਰਤੀ ਦਾ ਹਿਰਦਾ ਕੋਮਲ ਅਤੇ ਸੰਵੇਦਨਸ਼ੀਲ ਹੋਣ ਕਰਕੇ ਉਸ ਦੀ ਸੰਵੇਦਨਾਤਮਕ ਸੂਝ-ਬੂਝ ਦਾ ਝਲਕਾਰਾ ਸਹਿਜੇ ਹੀ ਆ ਜਾਂਦਾ ਹੈ। ਆਪਣੇ ਆਲੇ-ਦੁਆਲੇ ਦੀ ਪ੍ਰਕਿਰਤੀ ਦੀ ਖ਼ੁਸ਼ੀ ਨੂੰ ਮਹਿਸੂਸ ਕਰਕੇ ਉਹ ਦੂਜਿਆਂ ਤੱਕ ਉਹ ਆਨੰਦ ਪਹੁੰਚਾਉਣ ਦਾ ਯਤਨ ਆਪਣੀ ਕਵਿਤਾ ਦੇ ਮਾਧਿਅਮ ਰਾਹੀਂ ਕਰਦਾ ਹੈ।

*"ਬਾਹਰ ਮਣਾਂ ਮੂੰਹੀਂ ਧੁੱਪ ਖਿੰਡੀ ਪਈ ਹੈ*
*ਬਸ ਟੋਕਰੀਆਂ ਭਰ ਭਰ ਕੇ ਹਨੇਰੇ*
*ਤੇ ਸਲ੍ਹਾਬੇ ਘਰਾਂ ਵਿਚ ਵੰਡ ਦੇ*
*ਜਿਨ੍ਹਾਂ ਕੋਲ ਸ਼ੁੱਧ ਪੌਣ ਨਹੀਂ ਪਹੁੰਚਦੀ*
*ਉਨ੍ਹਾਂ ਕੋਲ ਜਾ*
*ਪਾਣੀ ਦਾ ਪਿਆਓ, ਬਣ ਜਾ*
*ਇਹੀ ਤੇਰੀ ਕਾਰ ਸੇਵਾ ਹੈ।"* [2]

ਆਮ ਮਨੁੱਖ ਦੇ ਦਰਦ ਨੂੰ ਕਵਿਤਾ ਦੇ ਮਾਧਿਅਮ ਰਾਹੀਂ ਪੇਸ਼ ਕਰਦਾ ਹੈ। ਸਮੁੱਚੀ ਮਾਨਵਤਾ ਦੇ ਦੀਦਾਰ ਕਰਵਾਉਂਦਾ ਨਵਤੇਜ ਭਾਰਤੀ ਕਾਵਿ ਮਾਨਵੀ ਸੰਵੇਦਨਾ ਨਾਲ ਲਬਰੇਜ਼, ਕਾਵਿਕ-ਦਸਤਾਵੇਜ਼ ਹੈ, ਜਿਸ ਅਧੀਨ ਉਹ ਕਾਵਿ-ਪ੍ਰਵਚਨ ਸਿਰਜਦਾ ਹੈ। ਲੋਕ ਪੀੜਾਂ ਨਾਲ ਸਰੋਕਾਰ ਰੱਖਣ ਵਾਲਾ ਨਵਤੇਜ ਭਾਰਤੀ ਲੋਕਾਂ ਦੇ ਦੁੱਖਾਂ-ਦਰਦਾਂ, ਗਮਾਂ ਆਦਿ ਨੂੰ ਨਿੱਜੀ ਬੋਧ ਤਹਿਤ ਅਭਿਵਿਅਕਤ ਕਰਦਾ ਮਾਨਵੀ ਹਿਰਦੇ ਤੱਕ ਪਹੁੰਚਾਉਣ ਦੇ ਸਮਰੱਥ ਹੁੰਦਾ ਹੈ। ਪਰਾਏ ਦੁੱਖ ਨੂੰ ਆਪਣਾ ਸਮਝ ਕੇ ਉਸ ਦੀ ਕਲਮ ਖ਼ੁਦ ਕਹਿੰਦੀ ਹੈ:

*"ਕਲਮ ਨੇ ਕਿਹਾ*
*ਜ਼ਰੂਰੀ ਨਹੀਂ ਮੈਂ ਤੇਰੇ ਹੀ ਦੁਖ ਸੁਖ 'ਚ ਲਿਬੜੀ ਰਹਾਂ*
*ਘਾਇਲ ਹੋਈ ਹਿਰਨੀ ਦੀ ਪੀੜ ਵਿਚ ਵੀ*
*ਮੈਂ ਓਨੀ ਹੀ ਪੀੜਤ ਹੁੰਦੀ ਹਾਂ*

*ਜਿੰਨੀ ਤੇਰੀ ਪੀੜ ਵਿਚ।"* [3]

ਕੁਦਰਤ ਦਾ ਉਪਾਸਕ ਨਵਤੇਜ ਭਾਰਤੀ ਕੁਦਰਤ ਪ੍ਰਤੀ ਵਧੇਰੇ ਚਿੰਤਤ ਹੈ। ਵਿਸ਼ਵੀਕਰਨ ਦੇ ਦੌਰ ਵਿਚ ਮਨੁੱਖ ਪਦਾਰਥਵਾਦੀ ਰੁਚੀਆਂ ਦਾ ਸ਼ਿਕਾਰ ਹੋਣ ਕਰਕੇ ਉਹ ਕੁਦਰਤ ਦਾ ਘਾਣ ਕਰਦਾ ਦਿਖਾਈ ਦਿੰਦਾ ਹੈ। ਮਕਾਨ ਦੀ ਕਿਸਮ ਦੇ ਇਸ ਮਾਹੌਲ ਵਿਚ ਉਹ ਕੁਦਰਤ ਨਾਲੋਂ ਨਾਤਾ ਤੋੜ ਕੇ ਆਪਣੀ ਸੱਖਣੀ ਹੋਂਦ ਕਾਇਮ ਕਰ ਰਿਹਾ ਹੈ। ਨਵਤੇਜ ਭਾਰਤੀ ਆਪਣੀ ਕਵਿਤਾ ਵਿਚ ਲੋਕਾਈ ਦੇ ਦੁੱਖਾਂ ਦੇ ਨਾਲ-ਨਾਲ ਕੁਦਰਤ ਪ੍ਰਤੀ ਅਥਾਹ ਸੰਵੇਦਨਾ ਪੇਸ਼ ਕਰਦਾ ਹੈ। ਉਸ ਦੀ ਕਵਿਤਾ ਵਿਚ ਕੁਦਰਤ ਵੀ ਫਿਕਰਮੰਦ ਦਿਖਾਈ ਦਿੰਦੀ ਹੈ:

"ਜਦੋਂ ਕੋਈ ਭੁੱਖ ਨਾਲ ਮਰਦਾ ਹੈ
ਧਰਤੀ ਬੁਹੜੀ ਜਿਹੀ ਬੰਜਰ ਹੋ ਜਾਂਦੀ ਹੈ
ਜਦੋਂ ਕੋਈ ਪਿਆਸ ਨਾਲ ਮਰਦਾ ਹੈ
ਦਰਿਆ ਬੁਹੜੇ ਜਿਹੇ ਸੁੱਕ ਜਾਂਦੇ ਹਨ
ਜਦੋਂ ਕਿਸੇ ਦੇ ਮੱਥੇ ਵਿਚ ਨ੍ਹੇਰਾ ਪਸਰਦਾ ਹੈ
ਸੂਰਜ ਬੁਹੜਾ ਜਿਹਾ ਮੱਧਮ ਪੈ ਜਾਂਦਾ ਹੈ।" [4]

ਸੋ ਸਮੁੱਚੇ ਰੂਪ ਵਿਚ ਨਵਤੇਜ ਭਾਰਤੀ ਕਾਵਿ ਵਿਚਲੀ ਸੰਵੇਦਨਾ ਦਾ ਨਿੱਠ ਕੇ ਬੜੀ ਗਹਿਰ ਗੰਭੀਰਤਾ ਨਾਲ ਅਧਿਐਨ ਕਰਦਿਆਂ ਇਹ ਗੱਲ ਬੜੇ ਸਹਿਜ ਰੂਪ ਵਿਚ ਸਪੱਸ਼ਟ ਹੁੰਦੀ ਹੈ ਕਿ ਨਵਤੇਜ ਭਾਰਤੀ ਦੀ ਕਾਵਿ ਸੰਵੇਦਨਾ ਨਿੱਜ ਤੋਂ ਪਾਰ ਤੱਕ ਦਾ ਸਫ਼ਰ ਤੈਅ ਕਰਦੀ ਹੋਈ ਵਿਸ਼ਵ-ਵਿਆਪੀ ਸਰੋਕਾਰਾਂ ਨਾਲ ਨਾਤਾ ਜੋੜਦੀ ਹੈ। ਉਸ ਦੀ ਕਵਿਤਾ ਬਹੁ-ਪਾਸਾਰੀ ਥੀਮਕ ਸਰੋਕਾਰਾਂ ਨੂੰ ਪੇਸ਼ ਕਰਦੀ ਹੋਈ ਮਾਨਵੀ ਹੋਂਦ ਦੇ ਵਿਭਿੰਨ ਮਸਲਿਆਂ ਨੂੰ ਤਲਾਸ਼ਦੀ ਹੋਈ ਨਿੱਕੇ ਤੋਂ ਨਿੱਕੇ ਕਣ ਤੋਂ ਲੈ ਕੇ ਬ੍ਰਹਿਮੰਡ ਦੀ ਹਰ ਸੁਰ ਨਾਲ ਸੰਵਾਦ ਰਚਾਉਂਦੀ ਕੇਵਲ ਸਮੁੱਚੀ ਲੋਕਾਈ ਦੇ ਦਰਦ ਨੂੰ ਹੀ ਪੇਸ਼ ਨਹੀਂ ਕਰਦੀ ਸਗੋਂ ਉਨ੍ਹਾਂ ਨੂੰ ਨਜਿੱਠਣ ਲਈ ਵੀ ਪ੍ਰੇਰਿਤ ਕਰਦੀ ਹੈ। ਨਵਤੇਜ ਭਾਰਤੀ ਬਹੁ-ਪਾਸਾਰੀ ਕਵਿਤਾ ਨੂੰ ਰਚਦਾ ਹੋਇਆ ਆਪਣੀ ਸੰਵੇਦਨਸ਼ੀਲਤਾ ਦਾ ਅਹਿਸਾਸ ਕਰਵਾਉਂਦਾ ਹੈ। ਇੰਨਾ ਸੰਵੇਦਨਸ਼ੀਲ ਹੋਣਾ ਉਸ ਦੀ ਸਹਿਜ ਸੁਭਾਅ ਦੀ ਜ਼ਿੰਦਗੀ ਵਿੱਚੋਂ ਪ੍ਰਤੀਤ ਹੁੰਦਾ ਹੈ। ਸੋ, ਨਵਤੇਜ ਭਾਰਤੀ ਦੀ ਕਾਵਿ-ਸੰਵੇਦਨਾ ਨਿਰੰਤਰ ਵਿਕਾਸਸ਼ੀਲ ਰਹੀ ਹੈ ਜੋ ਆਤਮ ਜਗਤ ਤੋਂ ਅਨੁਭਵ ਜਗਤ ਤੱਕ ਫੈਲਦੀ ਹੋਈ ਪੂਰੇ ਵਿਸ਼ਵ ਨੂੰ ਆਪਣੇ ਕਲਾਵੇ ਵਿਚ ਸਮੋਂਦੀ ਹੈ।

## *ਹਵਾਲੇ ਅਤੇ ਟਿੱਪਣੀਆਂ*

1. ਡਾ. ਯੋਗਰਾਜ, ਨਵੀਂ ਪੰਜਾਬੀ ਸ਼ਾਇਰੀ: ਸਮਕਾਲੀ ਸੰਦਰਭ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006, ਪੰਨਾ: 50
2. ਅਜਮੇਰ ਭਾਰਤੀ ਅਤੇ ਅਜਮੇਰ ਰੋਡੇ, ਲੀਲ੍ਹਾ, ਰੈਨਬਰਡ ਪ੍ਰੈਸ, ਵੈਨਕੂਵਰ, ਲੰਡਨ, 1999, ਪੰਨਾ: 429
3. -ਉਹੀ-, ਪੰਨਾ: 432
4. -ਉਹੀ-, ਪੰਨਾ: 342